# ਸਰਬ ਲੋਹ ਦੀ ਵਹੁਟੀ

G-1067

'ਕਮਲਾ ਅਕਾਲੀ'

ਮੁਲ =)

# ਸਰਬਲੋਹ ਦੀ ਵਹੁਟੀ

ਯਾ

# ਕਨ੍ਹੱਈਆ ਸਿੰਘ ਰਾਮਗੜ੍ਹੀਏ ਦਾ ਵਿਰਤਾਂਤ

(ਲੇਖਕ—"ਕਮਲਾ ਅਕਾਲੀ")

## ਕਾਂਡ ੧.

ਅੱਗੇ ਅੱਗੇ ਕਨ੍ਹੱਈਆ ਸਿੰਘ ਰਾਮਗੜ੍ਹੀਆ, ਪਿੱਛੇ ਪਿੱਛੇ ਅਤਰਾ 'ਗੁਟ', ਦੋਵੇਂ ਤ੍ਰਿਕਾਲਾਂ ਵੇਲੇ ਖੇਤਾਂ ਵਿਚੋਂ ਸੁਚੇਤ ਹੋਕੇ ਪਿੰਡ ਕ: ਪੁਰੇ ਦੇ ਦਰਵਾਜ਼ੇ ਵੜੇ। ਕਨ੍ਹੱਈਆ ਸਿੰਘ ਕੱਦ ਦਾ ਛੋਟਾ-ਮਾੜੂਆ, ਸਿਰੋਂ ਲੰਘੇ ਵਰ੍ਹਿਆਂ ਦੀ ਝਾਲ ਨਾਲ ਯਾ ਅਕਲ ਦੀ ਨਿੰਮ੍ਰਤਾ ਨਾਲ ਝੁਕਿਆ ਹੋਇਆ, ਗਲ ਖੱਦਰ ਦੀ ਝੱਗੀ, ਗੋਡਿਆਂ ਤੀਕ ਕਛਹਿਰਾ, ਚਿੱਟੀ ਦਾੜ੍ਹੀ ਨੂੰ ਚੀਰ ਕੇ ਗੁੱਟੀਆਂ ਕੀਤੀਆਂ ਹੋਈਆਂ, ਮੁੱਛਾਂ ਨੂੰ ਤੌ ਦਿੱਤਾ ਹੋਇਆ, ਸਿਰ ਹਲਦੀ-ਰੰਗੀ ਛੋਟੀ ਦਸਤਾਰ ਤੇ ਤਿੱਖੇ ਨੱਕ ਉੱਤੇ ਧਾਗਿਆਂ ਤੇ ਤਾਰਾਂ ਨਾਲ ਜੋੜ ਕੇ ਮਸਾਂ ਸਾਂਭੀ ਹੋਈ ਐਨਕ। ਕਨ੍ਹੱਈਆ ਸਿੰਘ ਦੀਆਂ ਹੋਰ ਸਭ ਗੱਲਾਂ ਦੀ ਪਿੰਡ ਵਾਲਿਆਂ ਨੂੰ ਮਾੜੀ ਮੋਟੀ ਸਮਝ ਆ ਜਾਂਦੀ ਸੀ, ਪਰ ਏਹ ਨਹੀਂ ਸੀ ਪਤਾ ਲੱਗਦਾ ਕਿ ਏਹ ਦਿਨ ਰਾਤ "ਸਰਬਲੋਹ" ਦਾ ਜਾਪ ਕਿਉਂ ਕਰਦਾ ਰਹਿੰਦਾ ਹੈ। ਸਰਬ ਲੋਹ ਦਾ ਆਸ਼ਕ ਸੀ, ਉਸ ਦੇ ਭਾਣੇਂ ਦੁਨੀਆਂ ਵਿਚ ਸਰਬ ਲੋਹ ਜਹੀ ਅਦਭੁਤ ਤੇ ਗੁਣਕਾਰ ਵਸਤੂ ਕੋਈ ਨਹੀਂ ਸੀ। ਗੱਲੇ ਗੱਲੇ ਸਰਬਲੋਹ ਦੇ ਖਿਆਲ, ਸਰਬਲੋਹ ਦਾ ਰਟਨ, ਸਰਬਲੋਹ ਦੀ ਸ਼ਲਾਘਾ, ਜਿਸ ਕਰਕੇ ਉਸ ਦੀ ਅੱਲ "ਸਰਬਲੋਹੀਆ" ਪੈ ਗਈ ਸੀ। ਤ੍ਰਖਾਣਾਂ ਲੁਹਾਰਾਂ ਵਿਚ ਤਾਂ ਇਸ ਦੀ ਬਹੁਤ ਮਾਨਤਾ ਹੋਣੀ ਹੀ ਸੀ, ਪਰ ਉਂਞ ਪੱਟੀ ਫੇਰ ਵਿਚ ਏਹ ਉੱਘਾ ਸੀ। ਕੋਈ ਇਸ ਨੂੰ ਬੜਾ ਡੂੰਘਾ ਗਿਆਨੀ, ਕੋਈ ਜੰਤ੍ਰ ਮੰਤ੍ਰ ਦਾ ਜਾਣੂੰ, ਕੋਈ ਪਖੰਡੀ, ਕੋਈ ਖੁਸ਼ਕੀ, ਆਪੋ ਆਪਣੇ ਮਤੇ ਅਨੁਸਾਰ ਕੋਈ ਕੁਝ, ਕੋਈ ਕੁਝ ਸਮਝਦਾ ਸੀ, ਪਰ ਆਮ ਜੱਟ ਇਸ ਤੋਂ ਦਬਦੇ ਸਨ ਅਤੇ ਤੀਵੀਆਂ ਤਾਂ ਆਪਣੇ ਆਦਮੀਆਂ ਤੋਂ ਚੋਰੀਂ ਚੋਰੀਂ ਇਸ ਨੂੰ ਮੱਥਾ ਟੇਕ ਕੇ ਪੂਜ ਭੀ ਆਉਂਦੀਆਂ ਸਨ।

YAL SING

ਅਤਰਾ ਪਿੰਡ ਕ: ਪੂਰੇ ਦਾ ਨਮੂਨਾ, ਰੁਜ਼ਗਾਰ ਲਈ ਕੰਮ ਵਾਹੀ ਤੇ ਆਤਮ ਉੱਨਤੀ ਲਈ ਕੰਮ ਲੜਾਈ; ਗਾਲ੍ਹੋਂ ਬਿਨਾਂ ਕੂਣਾਂ ਨਾਂਹ ਤੇ ਛਿੱਤਰੋ ਛਿੱਤਰੀ ਹੋਏ ਬਿਨਾਂ ਆਥਣੇ ਘਰ ਨਾ ਵੜਨਾ। ਪਿੰਡ ਵਾਲਿਆਂ ਨਾਂਉਂ "ਗੂਟ" ਯਥਾ ਕਾਮ ਤਥਾ ਨਾਮ ਸੋਹਣਾ ਚੁਗਕੇ ਪਾਇਆ ਸੀ। ਅੱਗੇ ਦਾੜ੍ਹੀ ਮੁੰਡਾ ਬਣਨ ਨੂੰ ਚੁਗਦਾ ਹੁੰਦਾ ਸੀ, ਹੁਣ ਧੌਲੇ ਚੁਗਣ ਦਾ ਫ਼ਿਕਰ ਰਹਿੰਦਾ ਸੀ, ਕਿਉਂਕਿ ਲਾੜ੍ਹਾ ਬਣਨ ਦੀ ਆਸ ਹਾਲਾਂ ਲੱਗੀ ਹੋਈ ਸੀ। ਅਤੇ ਈਹੋ ਕਾਰਨ ਸੀ ਕਿ ਅਤਰਾ ਪਿੰਡ ਵਿਚ ਦੋ ਆਦਮੀਆਂ ਨਾਲ ਹਾਲਾਂ ਤੀਕ ਨਹੀਂ ਸੀ ਲੜਿਆ, ਇਕ ਕਨ੍ਹੱਈਆ ਸਿੰਘ ਨਾਲ, ਦੂਜਾ ਬਿਸ਼ਨੇ ਯੱਕੇ ਵਾਲੇ ਨਾਲ, ਜਿਸਦਾ ਅਸਲੀ ਕੰਮ ਪੂਰਬ ਵਲੋਂ ਯਾ ਐਧਰੋਂ ਓਧਰੋਂ ਅਫਰਾਊ ਤੀਂਵੀਆਂ ਲਿਆਕੇ ਅਤਰੇ ਵਰਗਿਆਂ ਨੂੰ ਵਸਦਿਆਂ ਵਿਚ ਕਰ ਦੇਣ ਦਾ ਸੀ। ਅਤਰੇ ਦਾ ਕੰਮ ਏਸ ਕਰਕੇ ਨਹੀਂ ਸੀ ਬਣਿਆ ਕਿ ਜੇਹੜੇ ਦੋ ਸਿਆੜ ਸੀ ਉਹ ਸਾਕ ਕਰਾਉਣ ਵਾਲਿਆਂ ਨਾਈਆਂ ਨੇ ਗਹਿਣੇ ਧਰਾ ਦਿਤੇ ਤੇ ਹੋਰ ਕੌਡੀ ਕਿਧਰੋਂ ਲਭਦੀ ਨਹੀਂ ਸੀ। ਅਤਰਾ ਏਸ ਕਰਕੇ ਬਿਸ਼ਨੇ ਵਲੋਂ ਨਿਰਾਸ ਹੋਕੇ ਸਰਬਲੋਹੀਏ ਦੇ ਮਗਰ ਮਗਰ ਲੱਗਿਆ ਰਹਿੰਦਾ, ਕ੍ਰਈ ਮਤੇ ਏਹ ਸਿਆਣਾ ਕਿਵੇਂ ਕੰਮ ਬਣਾ ਦੇਵੇ। ਉਸਨੇ ਸਰਬਲੋਹੀਏ ਤੋਂ ਸਰਬਲੋਹ ਦੀਆਂ ਐਨੀਆਂ ਚੀਜ਼ਾਂ ਬਣਦੀਆਂ ਸੁਣੀਆਂ ਸਨ ਕਿ ਕਦੇ ਕਦੇ ਉਸਨੂੰ ਸੱਚੀ ਮੁੱਚੀਂ ਭਾਸਣ ਲਗਦਾ ਕਿ ਹੋਰ ਨਹੀਂ ਤਾਂ ਸਰਬਲੋਹ ਦੀ ਤੀਵੀਂ ਹੀ ਕਿਧਰੋਂ ਲੱਭ ਜਾਵੇ।

ਜਦੋਂ ਏਹ ਜੋੜੀ ਦਰਵਾਜ਼ਾ ਵੜੀ, ਅਗੇ ਜੱਟ ਦਿਨ ਦੇ ਥੱਕੇ ਹੋਏ ਖੂਹ ਤੇ ਨ੍ਹਾਕੇ, ਜੁੱਤੀਆਂ ਨੂੰ ਗਿੱਲੇ ਪਰਨਿਆਂ ਨਾਲ ਚਮਕਾਕੇ, ਚੌਂਤਰੇ ਉਤੇ ਬੈਠੇ ਭੁੰਨੇ ਦਾਣੇ ਕੜਕਾ ਰਹੇ ਸਨ ਤੇ ਮੜਾਕੇ ਮਾਰ ਰਹੇ ਸਨ। ਵਿਚ ਇਕ ਲਾਹੌਰ ਦਾ ਪੜ੍ਹਾਕੂ ਬਲਵੰਤ ਸਿੰਘ ਭੀ ਸੀ ਜੋ ਛੁੱਟੀਆਂ ਕਰਕੇ ਪਿੰਡ ਆਇਆ ਹੋਇਆ ਸੀ; ਧੋਬੀ ਦੇ ਧੋਤੇ ਹੋਏ ਕਪੜੇ ਪਾਈ ਹੱਥ ਵਿਚ ਹਾਕੀ ਦੀ ਖੂੰਡੀ ਲਈ ਖਲੋਤਾ ਸੀ। ਜੋੜੀ ਨੂੰ ਆਉਂਦਿਆਂ ਵੇਖਕੇ ਸਭਨਾਂ ਨੇ ਬੋਲ ਨੀਵੇਂ ਕਰ ਲਏ ਤੇ ਬਲਵੰਤ ਸਿੰਘ ਨੇ ਸ਼ੈਦ ਆਪਣੀ ਦਲੇਰੀ ਜਤਲਾਉਣ ਲਈ ਸਰਬਲੋਹੀਏ ਨੂੰ ਬੁਲਾਇਆ।

ਬਲਵੰਤ ਸਿੰਘ—ਸਰਬਲੋਹੀਆ, ਕੀ ਗਲ ਏ, ਨੀਵੀਂ ਪਾਈ ਆਉਨਾ ਏਂ, ਕੁਝ ਗੁਆਚ ਤਾਂ ਨਹੀਂ ਗਿਆ।

ਸਰਬਲੋਹੀਆ—(ਸਿਰ ਚੁੱਕਕੇ) ਬਾਪੂ ਗਵਾਚ ਗਿਆ।

ਬਲਵੰਤ ਸਿੰਘ—ਜੇ ਲੱਭ ਦੇਈਏ ?

ਸਰਬਲੋਹੀਆ—ਜੇਹੜਾ ਲੱਭ ਦੇਵੇ ਓਸੇ ਦਾ ਹੋਇਆ ?

ਸਰਬਲੋਹੀਆ ਥੋੜੇ ਕੀਤੇ ਏਸ ਯੱਭ ਮੰਡਲੀ ਵਿਚ ਨਹੀਂ ਸੀ ਵੜਦਾ, ਪਰ ਏਸ ਅੰਗਰੇਜ਼ੀ ਦੇ ਗੁਮਾਨ-ਮੱਤੇ ਲਾਡਲੇ ਨੂੰ ਦੋ ਚਾਰ ਹੋਰ ਡੁਬਕੀਆਂ ਦੇਣ ਲਈ ਖਲੋ ਗਿਆ ਤੇ ਬੋਲਿਆ—

ਸਰਬ ਲੋਹੀਆ—ਸੁਣਾ ਭਈ ਮੁੰਡਿਆ, ਕਿੱਥੇ ਤਾਈਂ ਪੜ੍ਹ ਗਿਆ ਏਂ ?

ਬ: ਸਿੰਘ—(ਆਪਣੇ ਜਾਣੇ ਹਾਸ-ਰਸ ਚਮਕਾਉਣ ਲਈ) ਰਸੂਲਪੁਰ ਦੇ ਟਿੱਬਿਆਂ ਤਾਂਈਂ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.